# ਖ਼ਾਲਸਾ ਗਰਲਜ਼ ਕਾਲਜ 'ਚ 50ਵਾਂ ਖੇਡ ਸਮਾਗਮ ਕਰਵਾਇਆ



ਖ਼ਾਲਸਾ ਗਰਲਜ਼ ਕਾਲਜ ਵਿਚ ਜੇਤੂਆਂ ਨੂੰ ਇਨਾਮ ਦੇਣ ਮੌਕੇ ਪ੍ਰਬੰਧਕ।

ਮੋਰਿੰਡਾ, 11 ਫ਼ਰਵਰੀ (ਮੋਹਨ ਸਿੰਘ ਅਰੋੜਾ) : ਬਾਬਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਗਰਲਜ਼ ਕਾਲਜ ਮੋਰਿੰਡਾ ਵਿਖੇ ਪ੍ਰਬੰਧਕ ਕਮੇਟੀ ਦੇ ਮੈਨੇਜਰ ਹਰਬੰਸ ਸਿੰਘ ਕੰਧੋਲਾ ਦੀ ਸਰਪ੍ਰਸਤੀ ਅਤੇ ਪ੍ਰਿੰਸੀਪਲ ਡਾ. ਪ੍ਰਸ਼ਪਿੰਦਰ ਕੌਰ ਦੀ ਅਗਵਾਈ ਹੇਠ 50ਵਾਂ ਖੇਡ ਸਮਾਗਮ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਾਲਜ ਦੇ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਪ੍ਰੋ. ਰਮਨਦੀਪ ਸਿੰਘ ਨੇ ਦੱਸਿਆ ਕਿ ਖੇਡ ਸਮਾਗਮ ਵਿੱਚ ਐੱਸ.ਡੀ.ਐੱਮ. ਗੁਰਦੇਵ ਸਿੰਘ ਧੰਮ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਉਨ੍ਹਾਂ ਦੱਸਿਆ ਕਿ 100 ਮੀਟਰ, 400 ਮੀਟਰ, 800 ਮੀਟਰ, ਡਿਸਕਸ ਥ ਰਿਅ, ਸਕਿਪਿੰਗ ਰੇਸ, ਲੈਮਨ ਰੇਸ, ਥਰੀ ਲੈੱਗ ਰੇਸ, ਸ਼ਾਟਪੁੱਟ, ਰਿਲੇਅ ਰੇਸ ਆਦਿ ਕਰਵਾਈਆਂ ਗਈਆਂ। ਸਪੋਰਟਸ ਮੀਟ 2025-26 ਦੀ ਸਰਵੋਤਮ ਅਥਲੀਟ ਗੁਰਲੀਨ ਕੌਰ ਨੂੰ ਚੁਣਿਆ ਗਿਆ। ਇਸ ਤੋਂ ਇਲਾਵਾ ਅਕਾਦਮਿਕ ਗਤੀਵਿਧੀਆਂ 2024-25 ਅਤੇ ਸਹਿ ਗਤੀਵਿਧੀਆਂ 2025-26 ਵਿੱਚ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ ਇਨਾਮ ਵੰਡੇ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਗੀਰ ਸਿੰਘ ਦੁੱਮਣਾ, ਲਛਮਣ ਮੱਟੂ, ਲਖਵੀਰ ਸਿੰਘ ਤਾਜਪੁਰਾ, ਧਰਮਿੰਦਰ ਮੱਟੂ, ਰਾਜੇਸ਼ ਕੁਮਾਰ, ਸਕੂਲ ਸਟਾਫ ਮੈਂਬਰ ਤੇ ਵਿਦਿਆਰਥਣਾਂ ਹਾਜ਼ਰ ਸਨ।

ਰੋਜ਼ਾਨਾ ਸਪੋਕਸਮੈਨ
RozanaSpokesman.com